# ਟੈਟਨਸ ਇਮਿਊਨ ਗਲੋਬਿਊਲਿਨ
# Tetanus Immune Globulin

## ਟੈਟਨਸ ਇਮਿਊਨ ਗਲੋਬਿਊਲਿਨ ਕੀ ਹੈ?

ਟੈਟਨਸ ਇਮਿਊਨ ਗਲੋਬਿਊਲਿਨ (TIg) ਬੈਕਟੀਰੀਆ ਦੇ ਵਿਰੁੱਧ ਤੁਰੰਤ, ਥੋੜ੍ਹੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰਦਾ ਹੈ ਜੋ ਟੈਟਨਸ (ਲੌਕਜਾਅ) ਦਾ ਕਾਰਨ ਬਣਦੇ ਹਨ। TIg ਵਿਚ ਦਾਨ ਕੀਤੇ ਗਏ ਮਨੁੱਖੀ ਖੂਨ ਤੋਂ ਵੱਡੀ ਮਾਤਰਾ ਵਿਚ ਐਂਟੀਬਾਡੀਆਂ ਹੁੰਦੀਆਂ ਹਨ। ਐਂਟੀਬਾਡੀਆਂ ਪ੍ਰੋਟੀਨ ਹੁੰਦੇ ਹਨ ਜੋ ਕਿਸੇ ਵਿਅਕਤੀ ਦੀ ਪ੍ਰਤੀਰੋਧੀ ਪ੍ਰਣਾਲੀ ਕੀਟਾਣੂਆਂ ਨਾਲ ਲੜਨ ਲਈ ਬਣਾਉਂਦੇ ਹਨ, ਜਿਵੇਂ ਕਿ ਬੈਕਟਰੀਆ ਅਤੇ ਵਾਇਰਸ।

TIg ਨੂੰ ਹੈਲਥ ਕਨੇਡਾ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ।

## ਕੀ ਟੈਟਨਸ ਇਮਿਊਨ ਗਲੋਬਿਊਲਿਨ ਸੁਰੱਖਿਅਤ ਹੈ?

ਹਾਂ। TIg ਦਾਨ ਕੀਤੇ ਗਏ ਮਨੁੱਖੀ ਖੂਨ ਤੋਂ ਤਿਆਰ ਕੀਤੀ ਜਾਂਦਾ ਹੈ ਜਿਸਦੀ ਸੁਰੱਖਿਆ ਲਈ ਜਾਂਚ ਕੀਤੀ ਜਾਂਦੀ ਹੈ। ਸਾਰੇ ਖੂਨਦਾਨ ਕਰਨ ਵਾਲਿਆਂ ਨੂੰ ਐਚਆਈਵੀ ਅਤੇ ਹੈਪੇਟਾਈਟਸ ਵਰਗੇ ਵਿਸ਼ਾਣੂਆਂ ਦੇ ਸੰਪਰਕ ਲਈ ਜਾਂਚਿਆ ਜਾਂਦਾ ਹੈ। TIg ਬਣਾਉਣ ਤੋਂ ਪਹਿਲਾਂ ਹਰੇਕ ਖੂਨਦਾਨ ਦਾ ਖੂਨ ਦੁਆਰਾ ਪੈਦਾ ਹੋਏ ਵਾਇਰਸਾਂ ਦੀ ਮੌਜੂਦਗੀ ਲਈ ਟੈਸਟ ਵੀ ਕੀਤਾ ਜਾਂਦਾ ਹੈ। TIg ਤਿਆਰ ਕਰਦੇ ਸਮੇਂ ਬਹੁਤ ਸਾਰੇ ਰਸਾਇਣਕ ਅਤੇ ਭੌਤਿਕ ਕਦਮ ਸ਼ਾਮਲ ਹੁੰਦੇ ਹਨ। ਇਨ੍ਹਾਂ ਕਦਮਾਂ ਵਿੱਚ ਵਾਇਰਸ ਅਤੇ ਬੈਕਟੀਰੀਆ ਨੂੰ ਵਿਫਲ ਕਰਨਾ ਅਤੇ ਹਟਾਉਣਾ ਸ਼ਾਮਲ ਹੈ ਜੋ ਬਿਮਾਰੀ ਦਾ ਕਾਰਨ ਬਣ ਸਕਦੇ ਹਨ। TIg ਦੀ ਅੰਤਮ ਤਿਆਰੀ ਵਿੱਚ ਇਹ ਯਕੀਨੀ ਬਣਾਉਣ ਲਈ ਵਧੇਰੇ ਜਾਂਚ ਕੀਤੀ ਜਾਂਦੀ ਹੈ ਕਿ ਇੱਥੇ ਕੋਈ ਗਿਆਤ ਛੂਤ ਵਾਲੇ ਵਾਇਰਸ ਮੌਜੂਦ ਨਹੀਂ ਹਨ। ਹਾਲਾਂਕਿ, TIg ਦੀ ਵਰਤੋਂ ਦੁਆਰਾ ਕੁਝ ਖੂਨ ਨਾਲ ਹੋਣ ਵਾਲੀਆਂ ਲਾਗਾਂ ਨੂੰ ਪਾਸ ਕਰਨ ਦਾ ਬਹੁਤ ਘੱਟ ਜੋਖਮ ਹੈ। ਜਦੋਂ ਤੋਂ ਖੂਨ ਦੀ ਜਾਂਚ ਅਤੇ ਪਰੀਖਣ ਸ਼ੁਰੂ ਹੋਇਆ, TIg ਪ੍ਰਾਪਤ ਕਰਨ ਵਾਲੇ ਲੋਕਾਂ ਵਿੱਚ ਖੂਨ ਦੁਆਰਾ ਪੈਦਾ ਹੋਈਆਂ ਲਾਗਾਂ ਜਿਵੇਂ ਕਿ ਐਚਆਈਵੀ, ਹੈਪੇਟਾਈਟਸ ਬੀ ਜਾਂ ਹੈਪੇਟਾਈਟਸ ਸੀ ਦੀਆਂ ਕੋਈ ਰਿਪੋਰਟਾਂ ਨਹੀਂ ਹਨ।

## ਟੈਟਨਸ ਇਮਿਊਨ ਗਲੋਬਿਊਲਿਨ ਕਿਸ ਨੂੰ ਮਿਲਣਾ ਚਾਹੀਦਾ ਹੈ?

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ TIg ਦੇ ਸਕਦਾ ਹੈ ਜੇ ਤੁਹਾਨੂੰ ਕੋਈ ਜ਼ਖ਼ਮ ਹੈ ਅਤੇ ਟੈਟਨਸ ਟੀਕੇ ਦੀਆਂ 3 ਤੋਂ ਘੱਟ ਖੁਰਾਕਾਂ ਲਈਆਂ ਹਨ ਜਾਂ ਤੁਹਾਡਾ ਟੀਕਾਕਰਣ ਦਾ ਇਤਿਹਾਸ ਗਿਆਤ ਨਹੀਂ ਹੈ । ਹੇਠ ਲਿਖੀਆਂ ਕਿਸਮਾਂ ਦੇ ਜ਼ਖਮ ਵਾਲੇ ਲੋਕਾਂ ਲਈ ਟੀਆਈਜੀ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਇਕ ਗੰਦਾ ਜ਼ਖ਼ਮ (ਉਦਾਹਰਣ ਗੰਦਗੀ, ਮੱਲ, ਮਿੱਟੀ ਜਾਂ ਥੁੱਕ ਨਾਲ ਦੂਸ਼ਿਤ)
- ਛੇਦਿਆ ਜ਼ਖ਼ਮ
- ਇੱਕ ਡੂੰਘਾ ਜ਼ਖਮ (ਸਾੜ, ਵੱਧ ਠੰਡ ਨਾਲ ਚਮੜੀ ਦਾ ਜੰਮ ਜਾਣਾ , ਕੁਚਲਿਆ ਜਾਣਾ)

ਜੇ ਤੁਹਾਡਾ ਇਮਿਊਨ ਸਿਸਟਮ ਕਮਜ਼ੋਰ ਹੈ ਤਾਂ ਤੁਹਾਨੂੰ TIg ਦਿੱਤਾ ਜਾ ਸਕਦਾ ਹੈ ਭਾਵੇਂ ਤੁਹਾਨੂੰ ਕਿਸੇ ਟੈਟਨਸ ਟੀਕੇ ਦੀਆਂ 3 ਜਾਂ ਵਧੇਰੇ ਖੁਰਾਕਾਂ ਮਿਲੀਆਂ ਹੋਣ।

ਜਦੋਂ ਤੁਸੀਂ TIg ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਟੈਟਨਸ ਤੋਂ ਲੰਮੇਂ ਸਮੇਂ ਤੱਕ ਸੁਰੱਖਿਆ ਪ੍ਰਦਾਨ ਕਰਨ ਲਈ ਟੈਟਨਸ ਦਾ ਟੀਕਾ ਵੀ ਲਗਾਇਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ HealthLinkBC File #18a ਟੈਟਨਸ ਅਤੇ ਪਰਟੂਸਿਸ (ਟੀਡੀ) ਵੈਕਸੀਨ ਵੇਖੋ।

## ਟੈਟਨਸ ਇਮਿਊਨ ਗਲੋਬਿਊਲਿਨ ਦੇ ਕੀ ਲਾਭ ਹਨ?

TIg ਲਾਗ ਦੇ ਵਿਰੁੱਧ ਤੁਰੰਤ, ਥੋੜ੍ਹੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰਦਾ ਹੈ। ਇਹ ਬਿਮਾਰੀ ਨੂੰ ਰੋਕ ਸਕਦਾ ਹੈ ਜਾਂ ਬਿਮਾਰੀ ਨੂੰ ਘੱਟ ਗੰਭੀਰ ਬਣਾ ਸਕਦਾ ਹੈ।

## ਟੈਟਨਸ ਇਮਿਊਨ ਗਲੋਬਿਊਲਿਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

TIg ਦੀਆਂ ਆਮ ਪ੍ਰਤੀਕਿਰਿਆਂ ਵਿੱਚ ਟੀਕਾਕਰਨ ਦਿੱਤੇ ਜਾਣ ਵਾਲੀ ਥਾਂ 'ਤੇ ਬੁਖਾਰ ਅਤੇ ਦਰਦ ਹੋ ਸਕਦੇ ਹਨ।

ਕੁਝ ਇਮਿਊਨ ਗਲੋਬਿਊਲਿਨ ਪ੍ਰਾਪਤ ਕਰਨ ਦੇ 24 ਘੰਟਿਆਂ ਦੇ ਅੰਦਰ ਥ੍ਰੋਮਬੋਸਿਸ (ਖੂਨ ਦੇ ਗਤਲੇ) ਦੇ ਜੋਖਮ ਨਾਲ ਜੁੜੇ ਹੋ ਸਕਦੇ ਹਨ, ਖ਼ਾਸਕਰ ਜਦੋਂ ਵੱਡੀ ਮਾਤਰਾ ਵਿੱਚ ਦਿੱਤੇ ਜਾਂਦੇ ਹਨ। ਥ੍ਰੋਮਬੋਸਿਸ ਦਾ ਜੋਖਮ ਇਹਨਾਂ ਵਿੱਚ ਵੱਧ ਜਾਂਦਾ ਹੈ:

- 45 ਸਾਲ ਅਤੇ ਇਸਤੋਂ ਵੱਧ ਉਮਰ ਦੇ ਲੋਕ
- ਥ੍ਰੋਮਬੋਸਿਸ ਦੇ ਇਤਿਹਾਸ ਵਾਲੇ ਲੋਕ
- ਥ੍ਰੋਮਬੋਸਿਸ ਦੇ ਜੋਖਮ ਕਾਰਕਾਂ ਵਾਲੇ ਲੋਕ

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ।ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ।ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ।ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈਆਂ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਕਿਸ ਨੂੰ ਟੈਟਨਸ ਇਮਿਊਨ ਗਲੋਬਿਊਲਿਨ ਨਹੀਂ ਮਿਲਣਾ ਚਾਹੀਦਾ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਨੂੰ ਇਮਿਊਨ ਗਲੋਬਿਊਲਿਨ ਦੀ ਕਿਸੇ ਪਿਛਲੀ ਖੁਰਾਕ ਜਾਂ ਟੈਟਨਸ ਇਮਿਊਨ ਗਲੋਬਿਊਲਿਨ ਦੇ ਕਿਸੇ ਵੀ ਹਿੱਸੇ ਲਈ ਜਾਨਲੇਵਾ ਪ੍ਰਤੀਕ੍ਰਿਆ ਹੋਈ ਸੀ
- ਤੁਹਾਨੂੰ ਇਕ ਅਜਿਹੀ ਸਥਿਤੀ ਜਿਸ ਨੂੰ ਆਈਸੋਲੇਟਿਡ ਇਮਿਊਨੋਗਲੋਬਿਊਲਿਨ ਏ ਦੀ ਘਾਟ ਕਿਹਾ ਜਾਂਦਾ ਹੈ
- ਤੁਹਾਨੂੰ ਥ੍ਰੋਮਬੋਸਿਸ ਦਾ ਇਤਿਹਾਸ ਜਾਂ ਥ੍ਰੋਮਬੋਸਿਸ ਦੇ ਜੋਖਮ ਦੇ ਕਾਰਕ ਹਨ
- ਤੁਹਾਡਾ ਪਿਛਲੇ 14 ਦਿਨਾਂ ਵਿਚ ਖਸਰਾ (ਮੀਜ਼ਲਜ਼), ਕੰਨ ਪੇੜੇ (ਮੰਮਪਸ), ਜਰਮਨ ਖਸਰਾ (ਰੁਬੈਲਾ) ਜਾਂ ਚੇਚਕ (ਚਿਕਨਪੌਕਸ) ਦੇ ਵਿਰੁੱਧ ਟੀਕਾਕਰਣ ਕੀਤਾ ਗਿਆ ਹੈ

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬਿਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਟੈਟਨਸ ਕੀ ਹੈ?

ਟੈਟਨਸ, ਜਿਸ ਨੂੰ ਲੌਕਜਾਅ (Lockjaw) ਵੀ ਕਿਹਾ ਜਾਂਦਾ ਹੈ, ਦਾ ਕਾਰਨ ਅਜਿਹਾ ਬੈਕਟੀਰੀਆ ਹੈ ਜੋ ਅਕਸਰ ਮਿੱਟੀ ਵਿੱਚ ਪਾਇਆ ਜਾਂਦਾ ਹੈ।ਜਦੋਂ ਇਹ ਬੈਕਟੀਰੀਆ ਚੀਰ ਜਾਂ ਝਰੀਟ ਦੇ ਰਾਹੀਂ ਚਮੜੀ ਵਿੱਚ ਦਾਖਲ ਹੋ ਜਾਂਦੇ ਹਨ, ਤਾਂ ਉਹ ਅਜਿਹੇ ਜ਼ਹਿਰ ਦਾ ਉਤਪਾਦਨ ਕਰਦੇ ਹਨ ਜੋ ਸਾਰੇ ਸਰੀਰ ਵਿੱਚ ਮਾਸਪੇਸ਼ੀਆਂ ਦੀ ਦਰਦਨਾਕ ਅਕੜਨ ਦਾ ਕਾਰਨ ਬਣ ਸਕਦਾ ਹੈ। ਜੇ ਸਾਹ ਲੈਣ ਵਾਲੀਆਂ ਮਾਸਪੇਸ਼ੀਆਂ ਪ੍ਰਭਾਵਤ ਹੋ ਜਾਣ ਤਾਂ ਇਹ ਬਹੁਤ ਗੰਭੀਰ ਹੈ। ਟੈਟਨਸ ਦੇ ਹੋਰ ਲੱਛਣਾਂ ਵਿੱਚ ਸਿਰਦਰਦ, ਨਿਗਲਣ ਵਿੱਚ ਮੁਸ਼ਕਲ, ਦੌਰੇ, ਬੁਖਾਰ ਅਤੇ ਪਸੀਨਾ ਆਉਣਾ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਤੇਜ਼ ਧੜਕਨ ਸ਼ਾਮਲ ਹੋ ਸਕਦੀ ਹੈ। ਟੈਟਨਸ ਹੋਣ ਵਾਲੇ 5 ਵਿਅਕਤੀਆਂ ਵਿੱਚੋਂ 1 ਤੱਕ ਦੀ ਮੌਤ ਹੋ ਸਕਦੀ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ।19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

ਇਮਿਊਨਾਈਜ਼ੇਸ਼ਨਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/ ਦੇਖੋ।

BRITISH COLUMBIA ImmunizeBC

BC Centre for Disease Control
Provincial Health Services Authority